# ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ

ਬਲਾਕ-ਈ, ਚੌਥੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 ਅਜੀਤਗੜ੍ਹ, ਮੁਹਾਲੀ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ),
ਪੰਜਾਬ।

ਮੀਮੋ ਨੰ: 15/29-2017 ਇ ਕੋ 2(1)/462
ਮਿਤੀ: 01-08-2017

ਵਿਸ਼ਾ:- **ਰਾਜ ਦੇ ਸਮੂਹ ਸਰਕਾਰੀ ਮਿਡਲ ਸਕੂਲਾਂ ਦਾ ਸੀਨੀਅਰ ਅਧਿਆਪਕ ਨੂੰ ਇੰਚਾਰਜ ਨਿਯੁਕਤ ਕਰਨ ਸਬੰਧੀ।**

1. ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।
2. ਉਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਰਾਜ ਦੇ ਸਮੂਹ ਮਿਡਲ ਸਕੂਲਾਂ ਵਿੱਚ ਕਾਰਜ਼ਸ਼ੀਲ ਅਧਿਆਪਕਾਂ ਵਿੱਚੋਂ ਹੀ ਸਕੂਲ ਦਾ ਪ੍ਰਬੰਧ ਚਲਾਉਣ ਹਿੱਤ ਇੰਚਾਰਜ ਨਿਯੁਕਤ ਕੀਤਾ ਜਾਂਦਾ ਹੈ।
3. ਉਕਤ ਸਬੰਧੀ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਮਿਡਲ ਸਕੂਲਾਂ ਵਿੱਚ ਜੂਨੀਅਰ ਅਧਿਆਪਕ ਬਤੌਰ ਇੰਚਾਰਜ ਕੰਮ ਕਰ ਰਹੇ ਹਨ।
4. ਉਕਤ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਰਾਜ ਦੇ ਸਮੂਹ ਮਿਡਲ ਸਕੂਲਾਂ ਦਾ ਇੰਚਾਰਜ ਮਾਸਟਰ ਕਾਡਰ ਵਿੱਚੋਂ ਬਤੌਰ ਮਾਸਟਰ ਸਭ ਤੋਂ ਲੰਬੀ ਅਸਲ ਸੇਵਾ ਵਾਲੇ ਸੀਨੀਅਰ ਅਧਿਆਪਕ ਨੂੰ ਹੀ ਬਣਾਇਆ ਜਾਵੇ। ਜੇਕਰ ਕਿਸੇ ਮਿਡਲ ਸਕੂਲ ਵਿੱਚ ਕੋਈ ਜੂਨੀਅਰ ਅਧਿਆਪਕ ਇੰਚਾਰਜ ਹੈ ਤਾਂ ਤੁਰੰਤ ਉਪਰੋਕਤ ਅਨੁਸਾਰ ਉਸ ਦੀ ਥਾਂ ਤੇ ਇੰਚਾਰਜ ਬਣਾਇਆ ਜਾਵੇ।
5. ਇਹ ਹੁਕਮ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।
6. ਉਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਪੰਜਾਬ, 10 ਦਿਨਾਂ ਦੇ ਅੰਦਰ-ਅੰਦਰ ਯਕੀਨੀ ਬਣਾਉਣਗੇ।

1/8/17

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ)
ਪੰਜਾਬ।

ਪਿਠ ਅੰਕਣ ਨੰ: ਮਿਤੀ -08-2017

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

ੳ) ਪੀ.ਏ.ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
ਅ) ਪੀ.ਏ.ਟੂ ਡੀ.ਜੀ.ਐਸ.ਈ
ੲ) ਪੀ.ਏ.ਟੂ ਡੀ.ਪੀ.ਆਈ (ਸੈ/ਸਿ)/(ਐਸਿ)
ਸ) ਪੀ.ਏ.ਟੂ ਡਾਇਰੈਕਟਰ ਐਸ.ਸੀ.ਈ.ਆਰ.ਟੀ
ਹ) ਸਮੂਹ ਸਕੂਲ ਮੁੱਖੀ (ਵੈਬਸਾਇਟ ਰਾਹੀਂ)

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ)
ਪੰਜਾਬ।